# ਆਜ਼ਾਦੀ ਦੇ ਪ੍ਰਵਾਨੇ

ਚੋਣਕਾਰ

ਸੋਹਨ ਸਿੰਘ ਜੋਸ਼ ਐਮ. ਐਲ. ਏ.

G-72

SARDAR DYAL SINGH
LAHORE
LIBRARY.

ਪ੍ਰਕਾਸ਼ਕ :

ਪ੍ਰੋਗਰੈਸਿਵ ਪਬਲਿਸ਼ਰਜ਼ ★ ਮਾਡਰਨ ਪਬਲੀਕੇਸ਼ਨਜ਼

ਮੈਕਲੋਡ ਰੋਡ, ਲਾਹੌਰ

ਪ੍ਰਿੰਟਰ : ਹਰਕਿਸ਼ਨ ਸਿੰਘ ਬੀ.ਏ.,ਐਲਐਲ.ਬੀ,
ਆਸ਼ਾ ਆਰਟ ਪ੍ਰੈਸ, ੨੬ ਮੈਕਲੋਡ ਰੋਡ, ਲਾਹੌਰ

30006

ਜੁਲਾਈ ੧੯੪੪
1944

ਪ੍ਰਕਾਸ਼ਕ : ਸੋਹਨ ਸਿੰਘ ਜੋਸ਼ ਵਾਸਤੇ ਪ੍ਰੋਗਰੈਸਿਵ ਪਬਲਿਸ਼ਰਜ਼
ਤੇ ਹਰਕਿਸ਼ਨ ਸਿੰਘ ਵਾਸਤੇ ਮਾਡਰਨ ਪਬਲੀਕੇਸ਼ਨਜ਼, ਲਾਹੌ

# ਭੂਮਿਕਾ ਵਜੋਂ !

## ( ੧ )

ਉਸ ਦਿਨ ਮੋਰੀ ਦਰਵਾਜ਼ੇ ਜਲਸਾ ਹੋ ਰਿਹਾ ਸੀ । ਕਈ ਗਰਮਾ ਗਰਮ ਸਪੀਚਾਂ ਹੋਈਆਂ । ਇੱਕ ਮਜ਼ਦੂਰ ਨੇ ਆਖਿਆ : 'ਕਾਗਤ ਕੰਟਰੋਲ ਦੇ ਇਸ ਨਵੇਂ ਹੁਕਮ ਨਾਲ ਕਈ ਪ੍ਰੈਸ ਬੰਦ ਹੋ ਜਾਣਗੇ, ਹਜ਼ਾਰਾਂ ਖ਼ੁਸ਼-ਨਵੀਸ ਤੇ ਕੰਪੋਜ਼ੀਟਰ ਬੇਰੁਜ਼ਗਾਰ ਹੋ ਜਾਣਗੇ । ਇਹਨਾਂ ਦਾ ਕੀ ਬਣੇਗਾ ? ਕੀ ਅਫਸਰਾਂ ਨੇ ਕੁਝ ਸੋਚਿਆ ਏ ? ਕੀ ਨੌਕਰਸ਼ਾਹੀ ਨੇ ਕਿਸੇ ਦੀ ਸਲਾਹ ਲਈ ਏ ? ਲੋਕ ਬੇਸ਼ਕ ਪਏ ਮਰਨ ਭੁੱਖੇ, ਇਸ ਬਦੇਸ਼ੀ ਨੌਕਰਸ਼ਾਹੀ ਨੂੰ ਕੀ ? ਇਹ ਤਾਂ ਸਿਰਫ ਹੁਕਮ ਚਾੜ੍ਹਨਾ ਹੀ ਜਾਣਦੀ ਏ ।

'–ਮੇਰੀ ਆਪਣੀ ਹੀ ਕਹਾਣੀ ਸੁਣੋ । ਮੇਰੀ ਇੱਕ ਬੀਵੀ ਏ ਤੇ ਚਾਰ ਬੱਚੇ। ਡੇਢ੍ਹ ਪੌਣੇ ਦੋ ਰੁਪਈਏ ਕਮਾ ਕੇ ਲਿਔਂਦਾ ਹਾਂ, ਤਦ ਜਾ ਕੇ ਉਹਨਾਂ ਦੇ ਪੇਟ ਨੂੰ ਫੁਲਕਾ ਮਿਲਦਾ ਏ–ਸੁੱਕਾ ਫੁਲਕਾ ! ਛੋਟੇ ਕਾਕੇ ਵਾਸਤੇ ਅਧ ਸੇਰ ਦੁਧ ਨਹੀਂ ਖ਼ਰੀਦ ਸਕਦਾ। ਛਿਆਂ ਮਹੀਨਿਆਂ ਤੋਂ ਕੁੜੀ ਖਹਿੜੇ ਪਈ ਹੋਈ ਏ : ਭਾਪਾ ਗੁੱਡੀ ਲਿਆ ਦੇ, ਭਾਪਾ ਗੁੱਡੀ ਲਿਆ ਦੇ ! ਜਦੋਂ ਘਰ ਜਾਂਦਾ ਹਾਂ ਪਹਿਲਾਂ ਸੁਆਲ ਏਹੋ ਹੀ ਪੁੱਛਦੀ ਏ, ਭਾਪਾ ਗੁੱਡੀ ਲਿਆਇਆਂ ਏਂ ?–ਪੰਨੀ ਦੇ ਭਾਪੇ ਨੇ ਬੜੀ ਸੋਹਣੀ ਗੁੱਡੀ ਲਿਆ ਕੇ ਦਿੱਤੀ ਏ। ਹੁਣ ਤਾਂ ਸਾਂਵੇਂ ਵੀ ਲੰਘ ਚਲੇ ਨੇ ! ਲਾਰੇ ਲੱਪੇ ਲਾ ਕੇ ਝਟ ਟਪੌਂਦਾ ਹਾਂ । ਛਿਆਂ ਮਹੀਨਿਆਂ ਵਿਚ ਅੱਠਾਂ ਆਨਿਆਂ ਦੀ ਗੁੱਡੀ ਖ਼ਰੀਦ ਕੇ ਨਹੀਂ ਦੇ ਸਕਿਆ !

'–ਸੋਚਦਾ ਹਾਂ, ਹੁਣ ਕੀ ਬਣੇਗਾ ? ਆਤਮ ਘਾਤ ਕਰ ਲਵਾਂ ?– ਤੇ ਮੁੰਡੇ ਕੁੜੀਆਂ ? ਕਲ੍ਹ ਹੀ ਮਾਲਕ ਕਢ ਦੇਵੇਗਾ । ਫੇਰ ਕਿਧਰ

ਜਾਵਾਂਗਾ। ਕੀ ਸਾਡੀ ਕੋਈ ਫ਼ਰਯਾਦ ਨਹੀਂ ਸੁਣੇਗਾ ? ਹਾਏ ਓਏ ਸਾਡੀ ਕਿਸਮਤ !

'–ਮੈਂ ਆਖਦਾ ਹਾਂ, ਇਹ ਕਾਗਤ ਕੰਟਰੋਲ ਦਾ ਆਰਡਰ ਵਾਪਸ ਲਓ। ਸਾਡੇ ਬੱਚਿਆਂ ਨੂੰ ਭੁਖਿਆਂ ਨਾ ਮਾਰੋ ! ਸਾਡੇ ਬੱਚਿਆਂ ਦੀਆਂ, ਸਾਡੀਆਂ ਆਹਾਂ ਤੋਂ ਬਚੋ। ਮਜ਼ਲੂਮਾਂ ਦੀਆਂ ਆਹਾਂ ਬੁਰੀਆਂ ਹੁੰਦੀਆਂ ਜੇ–ਬਹੁਤ ਬੁਰੀਆਂ' ਇਹ ਅੱਗ ਲਾ ਦੇਣਗੀਆਂ, ਸਭ ਕੁਝ ਸਾੜ ਫੂਕ ਕੇ ਸੁਆਹ ਕਰ ਦੇਣਗੀਆਂ।'

ਬਾਗ ਤਾੜੀਆਂ ਨਾਲ ਗੂੰਜ ਉਠਿਆ।

( ੨ )

ਵੱਡਾ ਜਾਗੀਰਦਾਰ। ਹਜ਼ਾਰ ਪਿੰਡ ਦਾ ਮਾਲਕ। ਸ਼ਾਹੀ ਠਾਠ ਬਾਠ ! ਮੋਟਰਾਂ ਬੱਘੀਆਂ ਘੋੜਿਆਂ ਦਾ ਅੰਤ ਕੋਈ ਨਾਂ। ਰਈਅਤ ਦੇ ਬੁਲ੍ਹ 'ਸਾਂਈ-ਸਾਂਈ' ਆਖਦਿਆਂ ਸੁੱਕਣ ! ਕਦੇ ਕਦਾਈਂ ਪਿੰਡਾਂ ਵਿਚ ਆਉਂਦਾ। ਬਾਹਲਾ ਸ਼ਹਿਰ ਵਿਚ ਹੀ ਐਸ਼ਾਂ ਕਰਦਾ।

ਹਜ਼ਾਰਾਂ ਦੀ ਜਾਨ ਉਹਦੇ ਹਥ ਵਿਚ–ਉਹਦੇ ਮੁਨਸ਼ੀਆਂ ਦੇ ਹੱਥ ਵਿਚ। ਜਦੋਂ ਔਂਦਾ ਲੋਕੀ ਫ਼ਰਯਾਦਾਂ ਕਰਦੇ। ਮੁਨਸ਼ੀਆਂ ਦੇ ਜ਼ੁਲਮ ਦਸਦੇ–ਉਹ ਹੱਸ ਛਡਦਾ–ਅਗੋਂ ਉਤਰ ਕੋਈ ਨਾ ਦੇਂਦਾ।

ਰਾਤ ਦੇ ਦਸ ਵੱਜ ਚੁਕੇ ਸਨ। ਇੱਕ ਮੁਨਸ਼ੀ ਇੱਕ ਝੁੱਗੀ ਵਲ ਆਇਆ। ਵਾਜ ਮਾਰੀ: 'ਫੱਜਿਆ, ਬੇਗਮ ਸਾਹਿਬ ਅੱਜੋ ਈ ਆਏ ਨੇ, ਮੈਨੂੰ ਘੱਲਿਆ ਨੇ, ਫ਼ਾਤਮਾਂ ਨੂੰ ਸੱਦ ਲਿਆ। ਫ਼ਾਤਮਾਂ ਨੂੰ ਹੁਣੇ ਘੱਲ, ਮੇਰੇ ਨਾਲ ਹੀ ਚਲੀ ਚਲੇ।'

ਬਾਰ੍ਹਾਂ ਤੇਰ੍ਹਾਂ ਸਾਲਾਂ ਦੀ ਅੱਲ੍ਹੜ ਕੁੜੀ ਫ਼ਾਤਮਾਂ–ਰੱਜ ਕੇ ਸੋਹਣੀ। ਨਿਕਲਦੀ ਤਾਂ ਲੋਕ ਅੱਖਾਂ ਪਾੜ ਪਾੜ ਵੇਂਹਦੇ। ਝੁਗੀਆਂ ਵਿਚ ਕਿੰਨਾਂ ਹੁਸਨ ਹੁੰਦਾ ਏ ? ਬੇਗਮ ਸਾਹਿਬਾ ਦਾ ਹੁਕਮ ਕੋਈ ਮੋੜ ਸਕਦਾ ਏ ?

ਫੱਜੂ ਘਰ ਤਕ ਛੱਡ ਕੇ ਮੁੜ ਗਿਆ।

ਕਮਰੇ ਵਿਚ ਵੜੀ। ਵੇਂਹਦਿਆਂ ਹੀ ਹੋਸ਼ ਗੁਮ ਹੋ ਗਏ। ਛੋਟੀ



ਜਿਹੀ ਜਾਨ ਸਹਿਮ ਗਈ। ਕਮਰੇ ਵਿਚ ਇਕੱਲੇ ਹੀ 'ਸਾਂਈ' ਅੰਦਰ ਔਧਰ ਫਿਰ ਰਹੇ ਸਨ। ਉਹਨਾਂ ਨੇ ਕਾਹਲੀ ਨਾਲ ਦਰਵਾਜ਼ਾ ਬੰਦ ਕਰ ਦਿੱਤਾ।.........

'ਫ਼ਾਤਮਾਂ ਬੇਹੋਸ਼ ਪਈ ਹੈ, ਲਹੂ ਬੰਦ ਨਹੀਂ ਹੁੰਦਾ। ਫੱਜੂ ਕੋਲ ਬੈਠਾ ਉੱਚੀ ਉੱਚੀ ਆਖ ਰਿਹਾ ਹੈ:

'ਹੇ ਇਮਾਮ ਮਹਿਦੀ ਤੂੰ ਹੀ ਆ। ਜ਼ੁਲਮ ਦੀ ਹੱਦ ਹੋ ਗਈ। ਜੇ ਹੁਣ ਨਹੀਉਂ ਔਣਾ ਤਾਂ ਕਦ ਆਵੇਂਗਾ ? ਆ, ਜ਼ਾਲਮਾਂ ਦਾ ਨਾਸ਼ ਕਰ'

ਕੋਲ ਫ਼ਾਤਮਾਂ ਦੀ ਮਾਂ ਬੈਠੀ ਰੋ ਰਹੀ ਹੈ। ਆਖੀ ਜਾਂਦੀ ਹੈ, 'ਗ਼ਰੀਬਾਂ ਦੇ ਜੀਊਣ ਦਾ ਕੋਈ ਹੱਜ ਨਹੀਂ, ਜੰਮਦੇ ਹੀ ਮਰ ਜਾਂਦੇ ਤਾਂ ਚੰਗਾ ਸੀ। ਹੇ ਪੀਰੋ, ਹੁਣ ਤਾਂ ਬਹੁੜੋ।'

( ੩ )

ਬਾਜ਼ਾਰ ਵਿਚ ਦੀ ਲੰਘ ਰਿਹਾ ਸਾਂ। ਅਚਨਚੇਤ ਇੱਕ ਦੁਕਾਨ ਤੇ ਨਜ਼ਰ ਪਈ। ਅਗੇ ਉਹ ਬੈਠੇ ਸਨ। ਡਾਕਟਰ ਉਹਨਾਂ ਦੇ ਦੰਦ ਵੇਖ ਰਿਹਾ ਸੀ। ਹੈਰਾਨ ਹੋਇਆ। ਮੈਨੂੰ ਪਤਾ ਸੀ ਉਹ ਜੇਲ੍ਹ ਅੰਦਰ ਬੰਦ ਹਨ।

ਅੰਦਰ ਲੰਘ ਗਿਆ। ਪੁਛਿਆ, ਤੁਸੀਂ ਏਥੇ ਕਿਵੇਂ ? ਤੁਹਾਨੂੰ ਤਾਂ ਜੇਲ੍ਹ ਵਿਚ ਹੋਣਾ ਚਾਹੀਦਾ ਸੀ।

'ਜੇਲ੍ਹ ਅੰਦਰ ਹੀ ਹਾਂ। ਦੰਦ ਵਿਖੋਣ ਆਇਆ ਹਾਂ। ਔਹ ਵੇਖ, ਸਾਹਮਣੇ ਬਾਵਰਦੀ ਸਿਪਾਹੀ ਬੈਠੇ ਨੇ।'

'ਸੁਣਾ, ਜੇਲ੍ਹ ਵਿਚ ਕਿਵੇਂ ਗੁਜ਼ਰਦੀ ਏ ?'

'ਛੱਡ ਇਹ ਗੱਲਾਂ, ਇਹ ਐਡੀਆਂ ਜ਼ਰੂਰੀ ਨਹੀਂ। ਦੱਸ ਕੋਈ ਰਿਹਾਈਆਂ ਦੀ ਆਸ ਹੈ ?'

'ਆਸ ਕਿਉਂ ਨਹੀਂ। ਅਸੀਂ ਤਾਂ ਰਾਤ ਦਿਨ ਤੁਹਾਡੀਆਂ ਹੀ ਰਿਹਾਈਆਂ ਲਈ ਕੰਮ ਕਰ ਰਹੇ ਹਾਂ।

'ਗੌਰਮਿੰਟ ਤਾਂ ਰਿਹਾ ਕਰਦੀ ਨਹੀਂ ਜਾਪਦੀ। ਅਸੀਂ ਤਾਂ ਸਮਝਦੇ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.